aglasem.com

FOR PUNJAB CLASS 8 PREPARATION

PSEB 8th Sample Paper 2027 Mathematics

EXAM	YEAR	TYPE	SUBJECT
Punjab Class 8	2027	Sample Paper	Maths

ਗਣਿਤ

ਸ਼੍ਰੇਣੀ - ਅੱਠਵੀਂ 2026-27

ਸੈਂਪਲ ਪ੍ਰਸ਼ਨ ਪੱਤਰ

ਕੁਲ ਸਮਾਂ - 3 ਘੰਟੇ **ਕੁੱਲ ਅੰਕ - 80**

1. **ਸਾਰੇ ਪ੍ਰਸ਼ਨ ਜਰੂਰੀ ਹਨ ।**
2. **ਭਾਗ ੳ ਵਿੱਚ ਪ੍ਰਸ਼ਨ ਨੰਬਰ 1 ਵਿਚ 20 (i -xx) ਪ੍ਰਸ਼ਨ ਬਹੁ ਵਿਕਲਪੀ ਉੱਤਰਾਂ ਵਾਲੇ 1-1 ਅੰਕ ਦੇ ਹਨ ।**
3. **ਭਾਗ ਅ ਵਿੱਚ, ਪ੍ਰਸ਼ਨ ਨੰਬਰ 2 ਤੋਂ 8 ਤੱਕ ਹਰੇਕ ਪ੍ਰਸ਼ਨ 2 ਅੰਕਾਂ ਦਾ ਹੈ।**
4. **ਭਾਗ ੲ ਵਿਚ ਪ੍ਰਸ਼ਨ ਨੰਬਰ 9 ਤੋਂ 15 ਤੱਕ ਹਰੇਕ ਪ੍ਰਸ਼ਨ 4 ਅੰਕਾਂ ਦਾ ਹੈ ਅਤੇ ਇਹਨਾਂ ਪ੍ਰਸ਼ਨਾਂ ਵਿੱਚ ਕਿਸੇ ਵੀ ਤਿੰਨ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੈ।**
5. **ਭਾਗ ਸ ਵਿਚ ਪ੍ਰਸ਼ਨ ਨੰਬਰ 16 ਤੋਂ 18 ਤੱਕ ਪ੍ਰਸ਼ਨ 6 ਅੰਕਾਂ ਦਾ ਹੈ ਅਤੇ ਇਹਨਾਂ ਸਾਰੇ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੈ ।**

ਭਾਗ -ੳ

1) ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋ ਸਹੀ ਵਿਕਲਪ ਚੁਣੋ । ਹਰੇਕ ਪ੍ਰਸ਼ਨ ਦਾ 1 ਅੰਕ ਹੈ।

(i) ਸੰਖਿਆ 0 ਦਾ ਗੁਣਾਤਮਕ ਉਲਟ ਕੀ ਹੈ?

a) 1 b) 0 c) - 1 d) ਸੰਭਵ ਨਹੀ ਹੈ।

(ii) ਜੇ $-22 \times 35 = 35 \times (-22)$ ਹੈ ,ਤਾਂ ਇਸ ਕਥਨ ਵਿੱਚ ਕਿਹੜਾ ਗੁਣ ਵਰਤਿਆ ਗਿਆ ਹੈ?

a) ਬੰਦ ਗੁਣ b) ਕ੍ਰਮ ਵਟਾਂਦਰਾ ਗੁਣ c) ਸਹਿਚਾਰਤਾ ਗੁਣ d) ਕੋਈ ਵੀ ਨਹੀਂ

(iii). ਇੱਕ ਚਲ ਵਾਲੇ ਰੇਖੀ ਸਮੀਕਰਨ ਦੀ ਘਾਤ ਕਿੰਨੀ ਹੋਵੇਗੀ?

a) 0 b) 1 c) 2 d) ਪਤਾ ਨਹੀ ਕੀਤਾ ਜਾ ਸਕਦਾ

(iv) ਮੁਕੇਸ਼ ਕੋਲ ਕੁਲ $36a$ ਕੇਲੇ ਹਨ, ਉਸ ਕੋਲ ਕਿੰਨੇ ਦਰਜਨ ਕੇਲੇ ਹਨ?

a) 2 b) 3 c) $3a$ d) $2a$

(v) ਜੇਕਰ 7 ਕਾਪੀਆਂ ਦਾ ਮੁੱਲ 105 ਰੁਪਏ ਹੈ ਤਾਂ ਅਜਿਹੀਆਂ 12 ਕਾਪੀਆਂ ਦਾ ਮੁੱਲ ਕਿੰਨਾ ਹੋਵੇਗਾ?

a) 120 ਰੁਪਏ b) 105 ਰੁਪਏ c) 84 ਰੁਪਏ d) 180 ਰੁਪਏ

(vi) ਕੀ ਕਾਰਟੀਜ਼ਨ ਪਲੇਨ 'ਤੇ ਬਿੰਦੂ (4,1) ਅਤੇ (1,4) ਇੱਕੋ ਸਥਿਤੀ 'ਤੇ ਹਨ?

a) ਹਾਂ b) ਨਹੀ c) ਪਤਾ ਨਹੀ ਕਰ ਸਕਦੇ d) ਸੂਚਨਾ ਅਧੂਰੀ ਹੈ

(vii) ਜੇਕਰ ਕਿਸੇ ਸਮਚਤੁਰਭੁਜ ਦੇ ਲਾਗਵੇਂ ਕੋਣ $5z^\circ$ ਅਤੇ 140° ਹੈ ਤਾਂ z ਦਾ ਮੁੱਲ ਪਤਾ ਕਰੋ।

a) 40° b) 8° c) 28° d) 90°

(viii) ਇੱਕ ਦੋ ਪਦੀ ਸੰਖਿਆ ਨੂੰ ਕਿਸੇ ਇੱਕ ਪਦੀ ਸੰਖਿਆ ਨਾਲ ਗੁਣਾ ਕਰਨ 'ਤੇ ਕਿੰਨੇ ਪਦੀ ਸੰਖਿਆ ਪ੍ਰਾਪਤ ਹੋਵੇਗੀ?

a) 1 b) 2 c) 3 d) 4

(ix) ਮੇਰੇ ਕੋਲ 250 ਬੰਟੇ ਹਨ। ਜੇਕਰ ਮੈਂ ਇਹਨਾਂ ਨੂੰ ਇਸ ਤਰਤੀਬ ਵਿੱਚ ਲਗਾਉਣਾ ਚਾਹੁੰਦਾ ਹਾਂ ਕਿ ਕਤਾਰਾਂ(Rows) ਦੀ ਗਿਣਤੀ, ਸਤੰਭਾਂ(Columns) ਦੀ ਗਿਣਤੀ ਦੇ ਬਰਾਬਰ ਹੋਵੇ। ਮੈਨੂੰ ਇਸ ਲਈ ਘੱਟੋ-ਘੱਟ ਹੋਰ ਕਿੰਨੇ ਬੰਟਿਆਂ ਦੀ ਲੋੜ ਹੋਵੇਗੀ?

a) 39 b) 6 c) 74 d) 25

(x) ਸ਼ਹਿਰ A ਦੀ ਅਬਾਦੀ 3.6×10^4 ਹੈ। ਸ਼ਹਿਰ B ਦੀ ਅਬਾਦੀ 360000 ਹੈ। ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?

a) ਸ਼ਹਿਰ A ਦੀ ਅਬਾਦੀ ਵੱਧ ਹੈ। b) ਸ਼ਹਿਰ B ਦੀ ਅਬਾਦੀ ਵੱਧ ਹੈ।

c) ਦੋਨਾਂ ਸ਼ਹਿਰਾਂ ਦੀ ਅਬਾਦੀ ਬਰਾਬਰ ਹੈ d) ਤੁਲਨਾ ਸੰਭਵ ਨਹੀ

(xi) ਸੰਖਿਆ 640000 ਦੇ ਵਰਗਮੂਲ ਵਿੱਚ ਸਿਫਰਾਂ ਦੀ ਗਿਣਤੀ ਕਿੰਨੀ ਹੋਵੇਗੀ?

a)1 b) 2 c)3 d) 4

(xii) $20x$ ਅਤੇ 7 ਦਾ ਸਾਂਝਾ ਗੁਣਨਖੰਡ ਕੀ ਹੋਵੇਗਾ?

a)1 b) 7 c) x d) 20

(xiii) ਰਮੇਸ਼ ਕੋਲ ਇੱਕ 3x3 ਦਾ ਘਣ ਹੈ ਇਸ ਘਣ ਵਿੱਚੋਂ 1x1 ਦੇ ਕਿੰਨੇ ਘਣ ਕੱਟੇ ਜਾ ਸਕਦੇ ਹਨ?

a) 9 b) 3 c) 27 d) 81

(xiv) ਮੇਰੇ ਕੋਲ ਇੱਕ ਆਇਤਾਕਾਰ ਫੋਟੋ ਫਰੇਮ ਹੈ ਜਿਸਦੀ ਲੰਬਾਈ 2x ਅਤੇ ਚੌੜਾਈ 3y ਹੈ। ਇਸਦਾ ਖੇਤਰਫਲ ਕੀ ਹੋਵੇਗਾ?

a) 2xy b) 3xy c) $6x^2$ d) 6xy

(xv) ਇੱਕ ਵਰਗ ਦਾ ਖੇਤਰਫਲ(ਵਰਗ ਸਮ ਵਿੱਚ) ਕਿੰਨਾ ਹੋਵੇਗਾ ਜਿਸਦੇ ਇੱਕ ਵਿਕਰਣ ਦੀ ਲੰਬਾਈ 8 ਸਮ ਹੈ।

a) 64 b) 32 c) 16 d) 8

(xvi) ਅਨਿਲ ਨੇ ਗਣਿਤ ਵਿਸ਼ੇ ਦੇ ਟੈਸਟ ਵਿੱਚ 80 ਵਿੱਚੋਂ 56 ਅੰਕ ਪ੍ਰਾਪਤ ਕੀਤੇ। ਉਸਨੇ ਕਿੰਨੇ ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ?

a) 56 b) 70 c) 80 d) 60

(xvii) ਕਿਸੇ ਸਿਲੰਡਰ ਦੇ ਅਰਧ ਵਿਆਸ ਨੂੰ ਦੁਗਣਾ ਕਰ ਦਿੱਤਾ ਗਿਆ ਅਤੇ ਇਸਦੀ ਉਚਾਈ ਸਮਾਨ ਰੱਖੀ ਗਈ। ਸਿਲੰਡਰ ਦਾ ਆਇਤਨ ਕਿੰਨੇ ਗੁਣਾ ਹੋ ਜਾਵੇਗਾ?

a) 2 ਗੁਣਾ b) 4 ਗੁਣਾ c) 8 ਗੁਣਾ d) 6 ਗੁਣਾ

(xviii)ਵਿਵੇਕ ਨੇ 500 ਰੁਪਏ 5% ਦੀ ਸਲਾਨਾ ਦਰ ਤੇ ਇੱਕ ਸਾਲ ਲਈ ਸਧਾਰਨ ਵਿਆਜ ਤੇ ਅਤੇ ਸਿਮਰਨ ਨੇ ਸਮਾਨ ਰਾਸ਼ੀ ਸਮਾਨ ਦਰ ਤੇ ਇੱਕ ਸਾਲ ਲਈ ਮਿਸ਼ਰਤ ਵਿਆਜ ਤੇ ਲਈ। ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ?

a) ਵਿਵੇਕ ਵੱਧ ਵਿਆਜ ਦਵੇਗਾ b) ਸਿਮਰਨ ਵੱਧ ਵਿਆਜ ਦਵੇਗਾ

c) ਦੋਨਾਂ ਨੂੰ ਬਰਾਬਰ ਵਿਆਜ ਦੇਣਾ ਪਵੇਗਾ d) ਕੁੱਝ ਕਹਿ ਨਹੀ ਸਕਦੇ

(xix) ਇੱਕ ਪਾਸੇ ਨੂੰ ਸੁੱਟਣ ਤੇ ਸੰਖਿਆ 7 ਦੇ ਆਉਣ ਦੀ ਸੰਭਾਵਨਾ ਕੀ ਹੈ।

a) 1 b) $\frac{1}{2}$ c) $\frac{1}{7}$ d) 0

(xx) ਕਿਸੇ ਚਤੁਰਭੁਜ ਦੀਆਂ ਸਾਰੀਆਂ ਭੁਜਾਵਾਂ ਬਰਾਬਰ ਹਨ ਅਤੇ ਸਾਰੇ ਕੋਣ ਬਰਾਬਰ ਨਹੀ ਹਨ ਤਾਂ ਇਹ ਕਿਹੜੀ ਚਤੁਰਭੁਜ ਹੋਵੇਗੀ?

a) ਵਰਗ b) ਸਮਚਤੁਰਭੁਜ c) ਆਇਤ d) ਸਮਾਂਤਰ ਚਤੁਰਭੁਜ

ਭਾਗ –ਅ

ਨੋਟ – ਹਰੇਕ ਪ੍ਰਸ਼ਨ 2 ਅੰਕ ਦਾ ਹੈ।

2) $\frac{3}{4}$ ਮੀਟਰ ਰੱਸੀ ਵਿੱਚੋਂ $\frac{5}{12}$ ਮੀਟਰ ਰੱਸੀ ਦਾ ਟੁਕੜਾ ਕੱਟ ਕੇ ਅਲੱਗ ਕਰ ਦਿੱਤਾ ਗਿਆ। ਬਾਕੀ ਕਿੰਨੀ ਰੱਸੀ ਬਚੀ?

3) $\left(\frac{2}{3}\right)^{-4}$ ਦਾ ਮੁੱਲ ਪਤਾ ਕਰੋ।

4) $49x^2 - 36$ ਦਾ ਗੁਣਨਖੰਡੀਕਰਨ ਕਰੋ।

5) ਵਿਅੰਜਕ: $21x^2y^3z - 14xy^2z^3$ ਦਾ ਗੁਣਨਖੰਡੀਕਰਨ ਕਰੋ।

6) ਇੱਕ ਥੈਲੇ ਵਿੱਚ 5 ਲਾਲ ਗੇਂਦਾ ਤੇ 3 ਨੀਲੀਆਂ ਗੇਂਦਾ ਹਨ। ਜੇਕਰ ਥੈਲੇ ਵਿੱਚੋਂ ਬਿਨਾਂ ਵੇਖਿਆ ਇੱਕ ਗੇਂਦ ਬਾਹਰ ਕੱਢੀ ਜਾਵੇ ਤਾਂ ਸੰਭਾਵਨਾ ਪਤਾ ਕਰੋ ਕਿ ਇਹ ਲਾਲ ਗੇਂਦ ਹੋਵੇਗੀ।

7) ਉਸ ਸਮਚਤੁਰਭੁਜ ਦੀ ਭੁਜਾ ਪਤਾ ਕਰੋ ਜਿਸ ਦਾ ਸਿਖਰਲੰਬ 12 ਸਮ ਹੈ ਅਤੇ ਖੇਤਰਫਲ 156 ਵਰਗ ਸਮ ਹੈ।

8) ਕੁੱਲ 20 ਵਿਦਿਆਰਥੀਆਂ ਵਿੱਚੋਂ 50% ਵਿਦਿਆਰਥੀ ਵਿਗਿਆਨ ਵਿੱਚ ਚੰਗੇ ਹਨ। ਕਿੰਨੇ ਵਿਦਿਆਰਥੀ ਵਿਗਿਆਨ ਵਿੱਚ ਚੰਗੇ ਹਨ? ਸੰਖਿਆ ਪਤਾ ਕਰੋ।

ਭਾਗ –ਏ

ਨੋਟ – ਹਰੇਕ ਪ੍ਰਸ਼ਨ 4 ਅੰਕ ਦਾ ਹੈ।

9) ਉਹ ਛੋਟੀ ਤੋਂ ਛੋਟੀ ਸੰਖਿਆ ਪਤਾ ਕਰੋ ਜਿਸ ਨਾਲ ਸੰਖਿਆ 5184 ਨੂੰ ਵੰਡਣ ਤੇ ਇੱਕ ਪੂਰਨ ਘਣ ਸੰਖਿਆ ਪ੍ਰਾਪਤ ਹੋਵੇ ਅਤੇ ਪ੍ਰਾਪਤ ਸੰਖਿਆ ਦਾ ਘਣਮੂਲ ਵੀ ਪਤਾ ਕਰੋ।

ਜਾਂ

ਉਹ ਛੋਟੀ ਤੋਂ ਛੋਟੀ ਸੰਖਿਆ ਪਤਾ ਕਰੋ ਜਿਸ ਨਾਲ ਸੰਖਿਆ 1323 ਨੂੰ ਗੁਣਾ ਕਰਨ ਤੇ ਇੱਕ ਪੂਰਨ ਘਣ ਸੰਖਿਆ ਪ੍ਰਾਪਤ ਹੋਵੇ ਅਤੇ ਪ੍ਰਾਪਤ ਸੰਖਿਆ ਦਾ ਘਣਮੂਲ ਵੀ ਪਤਾ ਕਰੋ।

10) ਕੁੱਝ ਵਿਦਿਆਰਥੀਆਂ ਨੇ ਇੱਕ ਅਨਾਥ ਆਸ਼ਰਮ ਲਈ ਫੰਡ ਇਕੱਠਾ ਕੀਤਾ। ਜੇ ਇਕੱਠੀ ਕੀਤੀ ਕੁੱਲ ਰਕਮ 3136 ਰੁਪਏ ਹੋਵੇ ਅਤੇ ਹਰੇਕ ਵਿਦਿਆਰਥੀ ਉਨ੍ਹੀ ਹੀ ਰਾਸ਼ੀ ਨੂੰ ਦਾਨ ਵਿੱਚ ਦਿੰਦਾ ਹੈ ਜਿੰਨੀ ਵਿਦਿਆਰਥੀਆਂ ਦੀ ਗਿਣਤੀ ਹੈ। ਹਰੇਕ ਵਿਦਿਆਰਥੀ ਦੁਆਰਾ ਦਾਨ ਦਿੱਤੀ ਰਕਮ ਪਤਾ ਕਰੋ।

11) ਇੱਕ ਕਾਰ 50 ਕਿ.ਮੀ. ਪ੍ਰਤੀ ਘੰਟੇ ਦੀ ਰਫਤਾਰ ਨਾਲ ਇੱਕ ਦੂਰੀ ਨੂੰ 6 ਘੰਟਿਆ ਵਿੱਚ ਤੈਅ ਕਰਦੀ ਹੈ। ਜੇਕਰ ਕਾਰ ਦੀ ਰਫਤਾਰ 75 ਕਿ.ਮੀ. ਪ੍ਰਤੀ ਘੰਟਾ ਕਰ ਦਿੱਤੀ ਜਾਵੇ ਤਾਂ ਇਹੀ ਦੂਰੀ ਕਿੰਨੇ ਸਮੇ ਵਿੱਚ ਤੈਅ ਹੋ ਜਾਵੇਗੀ?

ਜਾਂ

ਜੇਕਰ 12 ਮਸ਼ੀਨਾਂ ਇੱਕ ਦਿਨ ਵਿੱਚ 4800 ਪੇਚ ਬਣਾਉਂਦੀਆਂ ਹਨ ਤਾਂ 6800 ਪੇਚ ਬਣਾਉਨ ਲਈ ਅਜਿਹੀਆਂ ਕਿੰਨੀਆਂ ਮਸ਼ੀਨਾਂ ਦੀ ਲੋੜ ਪਵੇਗੀ?


12) ਢੁੱਕਵੇਂ ਤਤਸਮਕ ਦੀ ਵਰਤੋਂ ਕਰਦੇ ਹੋਏ 103^2 ਦਾ ਮੁੱਲ ਪਤਾ ਕਰੋ।

13) ਜੀਆ ਦੀ ਉਮਰ ਕਾਵਿਆ ਦੀ ਉਮਰ ਦਾ ਦੁੱਗਣਾ ਹੈ। ਜੇ ਕਾਵਿਆ ਦੀ ਉਮਰ ਵਿੱਚੋਂ 6 ਸਾਲ ਘਟਾ ਦਿੱਤੇ ਜਾਣ ਉਤੇ ਜੀਆ ਦੀ ਉਮਰ ਵਿੱਚ 4 ਸਾਲ ਜੋੜ ਦਿੱਤੇ ਜਾਣ ਤਾਂ ਜੀਆ ਦੀ ਉਮਰ, ਕਾਵਿਆ ਦੀ ਉਮਰ ਦਾ 4 ਗੁਣਾ ਹੋ ਜਾਵੇਗੀ। ਦੋਵਾਂ ਦੀ ਵਰਤਮਾਨ ਉਮਰ ਪਤਾ ਕਰੋ।

ਜਾਂ

ਦਿੱਤੀ ਸਮੀਕਰਨ ਨੂੰ ਹੱਲ ਕਰੋ: $\frac{6x+1}{2} + 1 = \frac{7x-3}{3}$

14) ਚਿੱਤਰ ਵਿੱਚ ਦਿੱਤੇ ਸਮਾਂਤਰ ਚਤੁਰਭੁਜ ਵਿੱਚ x ਅਤੇ y ਦਾ ਮੁੱਲ ਪਤਾ ਕਰੋ।




15) ਦਿੱਤਾ ਗਰਾਫ ਇੱਕ ਕਾਰ ਦੁਆਰਾ ਸ਼ਹਿਰ A ਤੋਂ ਸ਼ਹਿਰ B ਤਕ ਅਲੱਗ-ਅਲੱਗ ਸਮੇਂ ਵਿੱਚ ਤੈਅ ਕੀਤੀ ਦੂਰੀ ਨੂੰ ਦਰਸਾਉਂਦਾ ਹੈ। ਗਰਾਫ ਦਾ ਅਧਿਐਨ ਕਰਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ।

i) ਕਾਰ ਦਾ ਸਫਰ ਕਦੋਂ ਸ਼ੁਰੂ ਹੋਇਆ?

ii) ਪਹਿਲੇ ਘੰਟੇ ਵਿੱਚ ਕਾਰ ਨੇ ਕਿੰਨੀ ਦੂਰੀ ਤੈਅ ਕੀਤੀ?

iii) ਕੀ ਸਫਰ ਦੌਰਾਨ ਕਾਰ ਥੋੜੇ ਸਮੇਂ ਲਈ ਰੁਕੀ? ਉਹ ਸਮਾਂ ਅੰਤਰਾਲ ਦੱਸੋ।

iv) ਕਾਰ B ਤੇ ਕਦੋਂ ਪਹੁੰਚੀ?




ਭਾਗ –ਸ

ਨੋਟ – ਹਰੇਕ ਪ੍ਰਸ਼ਨ 6 ਅੰਕ ਦਾ ਹੈ।


16) ਦਿੱਤਾ ਪਾਈ ਚਾਰਟ ਇੱਕ ਪਰਿਵਾਰ ਦੁਆਰਾ ਵੱਖ ਵੱਖ ਮੱਦਾਂ ਉੱਪਰ ਕੀਤੇ ਗਏ ਖਰਚ ਨੂੰ ਦਰਸਾ ਰਿਹਾ ਹੈ। ਜੇਕਰ ਪਰਿਵਾਰ ਦੁਆਰਾ ਕਪੜਿਆਂ ਤੇ ਕੀਤਾ ਖਰਚ 15000 ਰੁਪਏ ਹੈ ਤਾਂ ਪਤਾ ਕਰੋ:

(i) ਕੁੱਲ ਖਰਚ (ii) ਹਰੇਕ ਮੱਦ ਉਤੇ ਕੀਤਾ ਖਰਚ



ਜਾਂ

ਦਿੱਤਾ ਆਇਤ ਚਿੱਤਰ ਇੱਕ ਜਮਾਤ ਦੇ ਵਿਦਿਆਰਥੀਆਂ ਦੁਆਰਾ ਗਣਿਤ ਦੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਨੂੰ ਦਰਸਾ ਰਿਹਾ ਹੈ।




(i) ਵਰਗ ਅੰਤਰਾਲ ਦਾ ਮਾਪ ਕੀ ਹੈ?

(ii) ਕਿੰਨੇ ਵਿਦਿਆਰਥੀਆਂ ਦੇ ਅੰਕ 30 ਤੋਂ 40 ਦੇ ਵਿੱਚਕਾਰ ਹਨ?

(iii) ਜੇਕਰ ਪਾਸ ਹੋਣ ਲਈ 40 ਅੰਕਾਂ ਦੀ ਲੋੜ ਹੋਵੇ ਤਾਂ ਕਿੰਨੇ ਵਿਦਿਆਰਥੀ ਫੇਲ ਹੋਏ?

(iv) ਕਿੰਨੇ ਵਿਦਿਆਰਥੀਆਂ ਦੇ ਅੰਖ 80 ਤੋਂ ਵੱਧ ਹਨ?

17) ਸੰਦੀਪ ਕੋਲ ਇੱਕ ਵਰਗਾਕਾਰ ਪਲਾਟ ਹੈ ਜਿਸਦਾ ਮਾਪ ਚਿੱਤਰ ਵਿੱਚ ਦਿੱਤਾ ਹੋਇਆ ਹੈ। ਉਹ ਪਲਾਟ ਦੇ ਮੱਧ ਵਿੱਚ ਇੱਕ ਘਰ ਅਤੇ ਘਰ ਦੇ ਆਲੇ ਦੁਆਲੇ ਇੱਕ ਬਗੀਚਾ ਬਣਾਉਣਾ ਚਾਹੁੰਦਾ ਹੈ। 60 ਰੁਪਏ ਪ੍ਰਤੀ ਵਰਗ ਮੀਟਰ ਦੀ ਦਰ ਨਾਲ ਬਗੀਚਾ ਬਣਾਉਣ ਦਾ ਖਰਚ ਪਤਾ ਕਰੋ।



ਜਾਂ

ਇੱਕ 14 ਸਮ ਚੌੜਾਈ ਵਾਲੇ ਆਇਤਾਕਾਰ ਕਾਗਜ਼ ਨੂੰ ਇਸਦੀ ਚੌੜਾਈ ਦੇ ਅਨੁਸਾਰ ਮੋੜ ਕੇ 20 ਸਮ ਅਰਧ ਵਿਆਸ ਦਾ ਇੱਕ ਸਿਲੰਡਰ ਬਣਾਇਆ ਗਿਆ ਹੈ। ਸਿਲੰਡਰ ਦਾ ਆਇਤਨ ਪਤਾ ਕਰੋ।

18) ਇੱਕ ਪਲਾਟ ਦੀ ਕੀਮਤ 6,40,000 ਰੁਪਏ ਹੈ। ਇਸਦੀ ਕੀਮਤ ਵਿੱਚ ਪਿਛਲੇ ਸਾਲ ਮੁਤਾਬਕ 5% ਦੀ ਸਲਾਨਾ ਦਰ ਨਾਲ ਵਾਧਾ ਹੁੰਦਾ ਹੈ ਤਾਂ 2 ਸਾਲ ਬਾਅਦ ਇਸ ਦੀ ਕੀਮਤ ਕੀ ਹੋਵੇਗੀ?

ਜਾਂ

(i) 791 ਰੁਪਏ ਵਾਲੀ ਇੱਕ ਕਿਤਾਬ 678 ਰੁਪਏ ਵਿੱਚ ਵੇਚੀ ਜਾਂਦੀ ਹੈ। ਕਟੌਤੀ ਅਤੇ ਕਟੌਤੀ ਪ੍ਰਤੀਸ਼ਤ ਪਤਾ ਕਰੋ।

(ii) ਇੱਕ ਸ਼ੋਅ-ਰੂਮ ਵਿੱਚ ਇੱਕ ਟੀ.ਵੀ. ਸੈੱਟ ਦਾ ਮੁੱਲ 36500 ਰੁਪਏ ਹੈ। ਵਿਕਰੀ ਕਰ ਦੀ ਦਰ 8% ਹੈ। ਬਿੱਲ ਦੀ ਰਾਸ਼ੀ ਪਤਾ ਕਰੋ।